# ਭਗਤ ਨਾਮਦੇਵ - ਸਬਦ ੪੯

## ਆਉ ਕਲੰਦਰ ਕੇਸਵਾ ॥

### ਰਾਗੁ ਭੈਰਉ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੬੭

ਆਉ ਕਲੰਦਰ ਕੇਸਵਾ ॥
ਕਰਿ ਅਬਦਾਲੀ ਭੇਸਵਾ ॥ ਰਹਾਉ ॥
ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ ॥
ਚਮਰ ਪੋਸ ਕਾ ਮੰਦਰੁ ਤੇਰਾ ਇਹ ਬਿਧਿ ਬਨੇ ਗੁਪਾਲਾ ॥੧॥
ਛਪਨ ਕੋਟਿ ਕਾ ਪੇਹਨੁ ਤੇਰਾ ਸੋਲਹ ਸਹਸ ਇਜਾਰਾ ॥
ਭਾਰ ਅਠਾਰਹ ਮੁਦਗਰੁ ਤੇਰਾ ਸਹਨਕ ਸਭ ਸੰਸਾਰਾ ॥੨॥
ਦੇਹੀ ਮਹਜਿਦਿ ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ ॥
ਬੀਬੀ ਕਉਲਾ ਸਉ ਕਾਇਨੁ ਤੇਰਾ ਨਿਰੰਕਾਰ ਆਕਾਰੈ ॥੩॥
ਭਗਤਿ ਕਰਤ ਮੇਰੇ ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ ॥
ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ ॥੪॥੧॥

ਸਾਰ: ਜਦੋਂ ਨਿਆਂ ਦੀ ਰੱਖਿਆ ਲਈ ਸਥਾਪਿਤ ਕੀਤੀਆਂ ਸੰਸਥਾਵਾਂ ਹੀ ਅਨਿਆਂ ਦਾ ਸਾਧਨ ਬਣ ਜਾਂਦੀਆਂ ਹਨ, ਤਾਂ ਨਿਰਬਲ ਬਾਹਰੀ ਆਸਰੇ ਤੋਂ ਵਾਂਝੇ ਰਹਿ ਜਾਂਦੇ ਹਨ। ਅਜਿਹੇ ਸਮੇਂ ਨਿਆਂ ਦੀ ਰੱਖਿਆ ਹਰ ਮਨੁੱਖ ਦੇ ਅੰਤਹਕਰਣ ਵਿਚ ਲਾਜ਼ਮੀ ਹੋਣੀ ਚਾਹੀਦੀ ਹੈ, ਕਿਉਂਕਿ ਸੰਸਥਾਵਾਂ ਅਸਫ਼ਲ ਹੋ ਸਕਦੀਆਂ ਹਨ, ਸਤਾ ਭ੍ਰਿਸ਼ਟ ਹੋ ਸਕਦੀ ਹੈ, ਧਾਰਮਿਕ ਅਕੀਦੇ ਕੱਟੜਤਾ ਦਾ ਰੂਪ ਧਾਰਨ ਕਰ ਸਕਦੇ ਹਨ ਅਤੇ ਸਮਾਜਿਕ ਢਾਂਚੇ ਕਮਜ਼ੋਰ ਪੈ ਸਕਦੇ ਹਨ। ਇਨ੍ਹਾਂ ਚੁਣੌਤੀਆਂ ਦੇ ਬਾਵਜੂ ਦਿਆਨਤਦਾਰੀ ਮਨੁੱਖੀ ਪ੍ਰਤਿਭਾ ਦੀ ਅੰਤਿਮ ਸ਼ਰਣ ਹੁੰਦੀ ਹੈ। ਇਹ ਸੱਚ ਦੇ ਲਈ ਅਜਿਹੀ ਅਡੋਲ ਵਚਨਬੱਧਤਾ ਹੈ ਜੋ ਨਿੱਜ ਅਤੇ ਸੰਸਾਰ ਲਈ ਨਿਆਂ ਕੇਂਦਰਿਤ ਢਾਂਚੇ ਦਾ ਨਿਰਮਾਣ ਕਰਦੀ ਹੈ।

ਆਉ ਕਲੰਦਰ ਕੇਸਵਾ ॥

ਕਲੰਦਰ ਰੂਪ ਵਿਚ ਕੇਸ਼ਵ ਪ੍ਰਗਟ ਹੋਏ ਹਨ। ਇਹ ਦ੍ਰਿਸ਼ਟਾਂਤ ਦੈਵੀ ਚੇਤਨਾ ਦੇ ਦੋ ਪ੍ਰਤੀਕਾਂ, ਸੂਫ਼ੀ ਦਰਵੇਸ਼ ਅਤੇ ਹਿੰਦੂ ਦੇਵਤੇ ਨੂੰ ਇਕ ਸੂਤਰ ਵਿਚ ਬੰਨ੍ਹਦਾ ਹੈ ਜੋ ਸਮਾਜਿਕ ਵੰਡੀਆਂ ਅਤੇ ਧਾਰਮਿਕ ਹੱਦਬੰਦੀਆਂ ਤੋਂ ਉਪਰ ਉਠਣ ਦਾ ਪ੍ਰਮਾਣ ਹੈ।

ਕਰਿ ਅਬਦਾਲੀ ਭੇਸਵਾ ॥ ਰਹਾਉ ॥

ਇਕ ਸੰਤ ਅਬਦਾਲੀ ਦੀ ਤਰ੍ਹਾਂ ਪਹਿਰਾਵਾ ਧਾਰਨ ਕੀਤਾ ਹੋਇਆ ਹੈ। ਇਹ ਭਾਵ ਇਕ ਅਜਿਹੀ ਮਨੋਬਿਰਤੀ ਦੇ ਰੂਪ ਵਿਚ ਨਿਮਰਤਾ ਵੱਲ ਇਸ਼ਾਰਾ ਕਰਦਾ ਹੈ ਜੋ ਬੇਢੰਗੀ, ਖੁੱਲ੍ਹੀ ਅਤੇ ਬਾਹਰੀ ਪ੍ਰਵਾਨਗੀ ਤੋਂ ਬੇਪਰਵਾਹ ਹੈ। (ਠਹਿਰਾਉ)

ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ ॥

ਜਿਸਨੇ ਨੀਲੇ ਅਕਾਸ਼ ਨੂੰ ਆਪਣੀ ਟੋਪੀ ਬਣਾਇਆ ਹੈ, ਅਤੇ ਸੱਤ ਪਾਤਾਲ ਨੂੰ ਜੁੱਤੀਆਂ। ਇਹ ਭਾਵ ਸੰਤੋਖ ਅਤੇ ਸੰਤੁਸ਼ਟੀ ਨੂੰ ਅੰਤਰੀਵੀ ਬੇਅੰਤਤਾ ਵਜੋਂ ਦਰਸਾਉਂਦਾ ਹੈ ਜੋ ਸਰਬਵਿਆਪਕਤਾ ਅਤੇ ਆਤਮ-ਨਿਰੀਖਣ ਨੂੰ ਦਰਸਾਉਂਦੀ ਹੋਈ ਆਪਣੇ ਤੱਤਸਾਰ ਦੀ ਪੜਚੋਲ ਕਰਦੀ ਹੈ।

ਚਮਰ ਪੋਸ ਕਾ ਮੰਦਰੁ ਤੇਰਾ ਇਹ ਬਿਧਿ ਬਨੇ ਗੁਪਾਲਾ ॥੧॥

ਚਮ ਨਾਲ ਢੱਕੀ ਦੇਹ ਤੁਹਾਡਾ ਮੰਦਰ ਹੈ; ਇਸ ਤਰ੍ਹਾਂ ਸਰਵ ਵਿਆਪਕ ਸਤਾ ਸਰਗੁਣ ਰੂਪ ਵਿਚ ਪ੍ਰਗਟ ਹੁੰਦੀ ਹੈ। ਇਹ ਭਾਵ ਇਸ ਤੱਥ ਨੂੰ ਪ੍ਰਬਲ ਕਰਦਾ ਹੈ ਕਿ ਸਰਵ ਵਿਆਪਕ ਊਰਜਾ ਸਾਡੇ ਭੌਤਿਕ ਹੋਂਦ ਤੋਂ ਦੂਰ ਨਹੀਂ ਹੈ; ਇਹ ਜੀਵਨ ਦੇ ਹਰ ਪਹਿਲੂ ਦੇ ਅੰਦਰ ਵਿਦਮਾਨ ਹੈ। (੧)

ਛਪਨ ਕੋਟਿ ਕਾ ਪੇਹਨੁ ਤੇਰਾ ਸੋਲਹ ਸਹਸ ਇਜਾਰਾ ॥

ਛਪੰਜਾ ਕਰੋੜ ਰੂਪ ਤੁਹਾਡੇ ਪੇਹਨ ਹਨ, ਜੋ ਨਿਰਬਾਹ ਇਜਾਰਾ ਦੇ ਸੋਲਾਂ ਹਜ਼ਾਰਾਂ ਰੂਪ ਵਿਚ ਪ੍ਰਗਟ ਹੁੰਦੇ ਹਨ। ਵੱਡੀ ਗਿਣਤੀ ਦਾ ਇਹ ਹਵਾਲਾ ਅਨੰਤ ਸ੍ਰਿਸ਼ਟੀ ਦਾ ਦ੍ਰਿਸ਼ਟਾਂਤ ਹੈ, ਜੋ ਵਿਸ਼ਵਵਿਆਪੀ ਨਿਯਮਾਂ ਦੇ ਅਧੀਨ ਕਰਮ ਕਰਦੀ ਹੈ।

ਭਾਰ ਅਠਾਰਹ ਮੁਦਗਰੁ ਤੇਰਾ ਸਹਨਕ ਸਭ ਸੰਸਾਰਾ ॥੨॥

ਵਿਸਤ੍ਰਿਤ, ਭੌਤਿਕ ਅਤੇ ਪਰਾਭੌਤਿਕ ਤੱਤ ਤੁਹਾਡਾ ਮੁਦਗਰੁ ਹਨ, ਅਤੇ ਗੁਰਜ਼ ਸਮੁੱਚੀ ਸ੍ਰਿਸ਼ਟੀ ਨੂੰ ਸੰਭਾਲਣ ਅਤੇ ਪਾਲਣ ਵਾਲੇ ਸਰਬਵਿਆਪਕ ਨਿਯਮ ਹੈ। ਇਹ ਭਾਵ ਦਰਸਾਉਂਦਾ ਹੈ ਕਿ ਹੋਂਦ ਦਾ ਸਭ ਕੁਝ ਅੰਤਰਸੰਬੰਧਿਤ ਅਤੇ ਇਹ ਏਕਤਾ ਦੇ ਸਿਧਾਂਤ ਦਾ ਇਕ ਸੰਯੁਕਤ ਹਿੱਸਾ ਹੈ। (੨)

ਦੇਹੀ ਮਹਜਿਦਿ ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ ॥

ਦੇਹ ਇਕ ਮਸੀਤ ਹੈ, ਅਤੇ ਮਨ ਪੁਜਾਰੀ ਦੀ ਤਰ੍ਹਾਂ ਇਸਦੀ ਸੇਵਾ ਕਰਦਾ ਹੈ, ਸਹਿਜਰੂਪੀ ਸੰਤੁਲਨ ਦੀ ਪ੍ਰਾਰਥਨਾ ਕਰਦਾ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਜਦੋਂ ਸਰੀਰ ਨੂੰ ਇਕ ਜੀਵਤ ਪਵਿੱਤਰ ਸਥਾਨ ਵਜੋਂ ਸਵੀਕਾਰ ਕੀਤਾ ਜਾਂਦਾ ਹੈ ਅਤੇ ਮਨ ਬੁੱਧੀ ਦੁਆਰਾ ਪ੍ਰਕਾਸ਼ਮਾਨ ਹੁੰਦਾ ਹੈ, ਤਾਂ ਜੀਵਨ ਕੁਦਰਤੀ ਸਦਭਾਵਨਾ ਵਿਚ ਰਹਿੰਦਾ ਹੈ।

ਬੀਬੀ ਕਉਲਾ ਸਉ ਕਾਇਨੁ ਤੇਰਾ ਨਿਰੰਕਾਰ ਆਕਾਰੈ ॥੩॥

ਭਰਮ ਦੇ ਸੰਯੋਗ ਨਾਲ ਤੇਰਾ ਨਿਰੰਕਾਰ ਸਰੂਪ ਆਕਾਰ ਧਾਰਨ ਕਰਦਾ ਹੈ। ਇਹ ਭਾਵ ਪ੍ਰਗਟ ਕਰਦਾ ਹੈ ਕਿ ਸਮੁੱਚੇ ਜੀਵਨ-ਰੂਪ ਨਿਰੰਕਾਰ ਦੀ ਹੀ ਪ੍ਰਗਟਾ ਹਨ, ਇਕ ਅਦਿੱਖ ਨਿਰਾਕਾਰ ਚੇਤਨਾ ਜੋ ਆਪਣੇ ਆਪ ਨੂੰ ਅਕਾਰ ਰੂਪ, ਦਿੱਖਦੇ ਬ੍ਰਹਿਮੰਡ ਰਾਹੀਂ ਪ੍ਰਗਟ ਕਰਦੀ ਹੈ। (੩)

ਭਗਤਿ ਕਰਤ ਮੇਰੇ ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ ॥

ਜਦੋਂ ਮੈਂ ਭਗਤੀ ਵਿਚ ਲੀਨ ਸੀ, ਤਾਂ ਮੇਰੇ ਛੈਣੇ ਖੋਹ ਲਏ ਗਏ। ਹੁਣ ਮੈਂ ਆਪਣੀ ਫ਼ਰਿਆਦ ਕਿਸ ਕੋਲ ਕਰਾਂ? ਇਹ ਇਕ ਗੂੜ੍ਹ ਰੂਹਾਨੀ ਪ੍ਰਸ਼ਨ ਬਣ ਜਾਂਦਾ ਹੈ: ਜਦੋਂ ਸਮਾਜ ਆਪਣੇ ਆਪ ਵਿਚ ਅਨਿਆਕਾਰੀ ਹੋ ਜਾਂਦਾ ਹੈ, ਜਿਥੇ ਨਿਆ ਲਈ ਨਿਰਬਲ ਕਿਸ ਕੋਲ ਜਾਵੇ?

ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ ॥੪॥੧॥

ਨਾਮਦੇਵ ਦਾ ਸੁਆਮੀ ਅੰਤਰਜਾਮੀ ਹੈ, ਜਿਸਦਾ ਪਸਾਰ ਸਮੁੱਚੇ ਖੰਡਾਂ ਵਿਚ ਹੈ। ਇਹ ਭਾਵ ਉਸ ਸਰਬਵਿਆਪਕ ਹਾਜ਼ਰਤਾ ਵੱਲ ਸੰਕੇਤ ਕਰਦਾ ਹੈ, ਜੋ ਸਭ ਤੋਂ ਸਮੀਪ ਹੈ, ਜੋ ਹਰੇਕ ਅਨੁਭਵ ਬਾਰੇ ਚੇਤਨ ਹੈ ਪਰ ਫਿਰ ਵੀ ਉਨ੍ਹਾਂ ਤੋਂ ਪਾਰ ਹੈ। (੪)(੧)

ਤੱਤ: ਭਗਤ ਨਾਮਦੇਵ ਇਹ ਭਾਵ ਪ੍ਰਗਟ ਕਰਦੇ ਹਨ ਕਿ ਨਿਰਮਲ, ਨਿਰਵਿਕਾਰ ਅਤੇ ਸਹਿਜ ਮਨ ਮਨੁੱਖ ਨੂੰ ਪੱਖਪਾਤ, ਡਰ ਅਤੇ ਬਾਹਰੀ ਪ੍ਰਵਾਨਗੀ ਦੀ ਲਗਾਤਾਰ ਲਾਲਸਾ ਤੋਂ ਮੁਕਤ ਕਰ ਸਕਦਾ ਹੈ। ਬਿਬੇਕ ਅਤੇ ਅੰਤਰੀਵੀ ਜਾਗਰੂਕਤਾ ਨਾਲ ਭਰਪੂਰ ਮਨ ਸੰਕੀਰਨ ਧਾਰਨਾਵਾਂ, ਅਨੰਤ ਇੱਛਾਵਾਂ ਅਤੇ ਸਮਾਜਿਕ ਉਮੀਦਾਂ ਅਨੁਸਾਰ ਆਪਣੇ ਆਪ ਨੂੰ ਢਾਲਣ ਦੇ ਦਬਾਅ ਤੋਂ ਉੱਪਰ ਉੱਠ ਜਾਂਦਾ ਹੈ। ਉਹ ਜਿੱਥੇ ਵੀ ਸੱਚ ਪ੍ਰਗਟ ਹੁੰਦਾ ਹੈ, ਉਸਨੂੰ ਨਿਮਰਤਾ ਅਤੇ ਖੁੱਲ੍ਹੇ ਮਨ ਨਾਲ ਸਵੀਕਾਰ ਕਰਦਾ ਹੈ। ਅਜਿਹੀ ਅੰਤਰੀਵੀ ਆਜ਼ਾਦੀ ਦੀ ਅਵਸਥਾ ਵਿਚ ਸਪਸ਼ਟਤਾ ਵਧੇਰੇ ਪ੍ਰਬਲ, ਦਇਆ ਅਤੇ ਕਰੁਣਾ ਸੁਭਾਵਿਕ ਤੌਰ 'ਤੇ ਪ੍ਰਫੁੱਲਤ ਹੁੰਦੀਆਂ ਹਨ। ਏਕਮਤਾ ਪ੍ਰਤੀ ਜਾਗ੍ਰਿਤੀ ਬਿਨ੍ਹਾਂ ਉਦਮ ਸਹਿਜ ਰੂਪ ਵਿਚ ਪ੍ਰਗਟ ਹੁੰਦੀ ਹੈ, ਜੋ ਸਾਨੂੰ ਸਦਭਾਵਨਾ ਪੂਰਨ ਹੋਂਦ ਵੱਲ ਸੇਧਿਤ ਕਰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**